# ਰਾਜ

THE

# STATE

# ਰਾਜ ਦਾ ਅਰਥ

# (Meaning of State)

‘ਰਾਜ’ ਲਈ ਅੰਗਰੇਜੀ ਭਾਸ਼ਾ ਵਿੱਚ ‘ਸਟੇਟ’ (State) ਸ਼ਬਦ ਹੈ, ਜਿਹੜਾ ਕਿ ਲਾਤੀਨੀ ਭਾਸ਼ਾ ਦੇ ਸ਼ਬਦ ‘ਸਟੇਟਸ’ (Status) ਤੋਂ ਬਣਿਆਂ ਹੈ। ਲਾਤੀਨੀ ਭਾਸ਼ਾ ਵਿੱਚ ਸਟੇਟਸ ਦਾ ਅਰਥ ਹੈ ਰੁਤਬਾ ਜਾਂ ਪੱਧਰ

So State is the body or organisation, which is higher in status than other organisations

# ਪਰਿਭਾਸ਼ਾ (Definition)

- ਪ੍ਰੋ. ਗਿਲਕ੍ਰਾਈਸਟ (Prof. Gilchrist) ਅਨੁਸਾਰ, "ਜਦੋਂ ਕੁੱਝ ਲੋਕ, ਇੱਕ ਨਿਸ਼ਚਿਤ ਖੇਤਰ ਵਿੱਚ, ਇੱਕ ਸਰਕਾਰ ਦੇ ਅਧੀਨ ਇਕੱਠੇ ਹੋਣ, ਜਿਹੜੀ ਕਿ ਅੰਦਰੂਨੀ ਮਾਮਲਿਆਂ ਵਿੱਚ ਉਹਨਾ ਦੀ ਪ੍ਰਭੂਸੱਤਾ ਦੇ ਪ੍ਰਗਟਾਵੇ ਦਾ ਸਾਧਨ ਹੋਵੇ, ਅਤੇ ਬਾਹਰੀ ਮਾਮਲਿਆਂ ਵਿੱਚ ਹੋਰਨਾ ਸਰਕਾਰਾਂ ਤੋਂ ਸੁਤੰਤਰ ਹੋਵੇ, ਤਾਂ ਉਹ ਰਾਜ ਹੁੰਦਾ ਹੈ"।

- ਡਾ. ਗਾਰਨਰ (Dr. Garner) ਅਨੁਸਾਰ, "ਰਾਜਨੀਤੀ ਵਿਗਿਆਨ ਅਤੇ ਜਨਤਕ ਕਾਨੂੰਨ ਦੇ ਇੱਕ ਸਿਧਾਂਤ ਦੇ ਤੌਰ ਤੇ ਰਾਜ ਥੋੜ੍ਹੇ ਜਾਂ ਬਹੁਤੇ ਲੋਕਾਂ ਦਾ ਇੱਕ ਸਮੂਹ ਹੈ ਜਿਹੜਾ ਧਰਤੀ ਦੇ ਇੱਕ ਨਿਸ਼ਚਿਤ ਭਾਗ ਤੇ ਸਥਾਈ ਰੂਪ ਵਿੱਚ ਰਹਿੰਦਾ ਹੋਵੇ, ਜੋ ਬਾਹਰਲੇ ਨਿਯੰਤਰਨ ਤੋਂ ਪੂਰੀ ਤਰਾਂ ਜਾਂ ਲਗਭਗ ਸੁਤੰਤਰ ਹੋਵੇ ਤੇ ਜਿਸਦੀ ਆਪਣੀ ਇੱਕ ਸੰਗਠਿਤ ਸਰਕਾਰ ਹੋਵੇ, ਜਿਸਦੀ ਆਗਿਆ ਦਾ ਪਾਲਣ ਉੱਥੋਂ ਦੇ ਵਾਸੀ ਸੁਭਾਵਿਕ ਹੀ ਕਰਦੇ ਹੋਣ"।

# ਰਾਜ ਦੇ ਜਰੂਰੀ ਤੱਤ
# Essential Elements of State

- ❖1). ਵੱਸੋਂ (Population)
- ❖2). ਨਿਸ਼ਚਿਤ ਖੇਤਰ (Fixed Territory)
- ❖3). ਸਰਕਾਰ (Government)
- ❖4). ਪ੍ਰਭੂਸੱਤਾ (Sovereignty)
- ✓A). ਅੰਦਰੂਨੀ ਪ੍ਰਭੂਸੱਤਾ (Internal Sovereignty)
- ✓B). ਬਾਹਰੀ ਪ੍ਰਭੂਸੱਤਾ (External Sovereignty)

# 1). ਵੱਸੋਂ
# (Population)

ਮਨੁੱਖੀ ਵੱਸੋਂ ਤੋਂ ਬਿਨਾ ਕਿਸੇ ਖੇਤਰ ਨੂੰ ਰਾਜ ਨਹੀਂ ਕਿਹਾ ਜਾ ਸਕਦਾ, ਇਸ ਲਈ ਇਹ ਰਾਜ ਦਾ ਇੱਕ ਜਰੂਰੀ ਤੱਤ ਹੈ। ਇੱਕ ਰਾਜ ਦੀ ਹੋਂਦ ਲਈ ਵੱਸੋਂ ਜਰੂਰੀ ਹੈ- ਇਸ ਤੱਥ ਨਾਲ਼ ਸਾਰੇ ਵਿਦਵਾਨ ਸਹਿਮਤ ਹਨ, ਪ੍ਰੰਤੂ ਇੱਕ ਆਦਰਸ਼ ਰਾਜ ਲਈ ਕਿੰਨੀ ਕੁ ਆਬਾਦੀ ਹੋਣੀ ਚਾਹੀਦੀ ਹੈ- ਇਸ ਤੱਥ ਬਾਰੇ ਵਿਦਵਾਨਾਂ ਦੀ ਇੱਕ ਰਾਇ ਨਹੀਂ ਹੈ।

ਪਲੈਟੋ: 5040

ਰੂਸੋ : 10,000

ਆਧੁਨਿਕ ਸਮੇਂ ਦੇ ਰਾਜ

ਮੋਨਾਕੋ: 33,000, ਸਾਨ ਮੈਰੀਨੋ: 32,000 ਵੈਟੀਕਨ ਸਿਟੀ: 800

ਭਾਰਤ: 1,38,00,00,000 ਚੀਨ: 1,44,00,00,000

# 1). ਵੱਸੋਂ: ਕਿੰਨੀ ਕੁ ਵੱਸੋਂ ਚੰਗੀ ਹੈ?
# (Population: ideal number ?)

ਇੱਕ ਰਾਜ ਦੀ ਆਬਾਦੀ ਇੰਨੀ ਕੁ ਜਰੂਰ ਹੋਣੀ ਚਾਹੀਦੀ ਹੈ ਕਿ ਉੱਥੋਂ ਦੀ ਸੁਰੱਖਿਆ ਅਤੇ ਵਿਕਾਸ ਲਈ ਮਨੁੱਖੀ ਸ਼ਕਤੀ ਕਾਫ਼ੀ ਮਾਤਰਾ ਵਿੱਚ ਉਪਲਬਧ ਹੋਵੇ ਅਤੇ ਰਾਜ ਨੂੰ ਮਨੁੱਖੀ ਸ਼ਕਤੀ ਲਈ ਹੋਰ ਰਾਜਾਂ ਤੇ ਨਿਰਭਰ ਨਾ ਰਹਿਣਾ ਪਵੇ। ਕਿਸੇ ਰਾਜ ਦੀ ਆਬਾਦੀ ਇੰਨੀ ਜ਼ਿਆਦਾ ਵੀ ਨਹੀਂ ਹੋਣੀ ਚਾਹੀਦੀ ਕਿ ਉਸ ਰਾਜ ਦੇ ਸਾਰੇ ਭੌਤਿਕ ਸਾਧਨ ਉਸ ਆਬਾਦੀ ਦੀਆਂ ਮੁਢਲੀਆਂ ਜਰੂਰਤਾਂ ਪੂਰੀਆਂ ਕਰਨ ਵਿੱਚ ਹੀ ਖਪਤ ਹੋ ਜਾਣ ਤੇ ਵਿਕਾਸ ਕਰਨ ਲਈ ਕੁੱਝ ਵੀ ਨਾ ਬਚੇ। ਰਾਜ ਦੀ ਆਬਾਦੀ ਰਾਜ ਦੇ ਖੇਤਰਫ਼ਲ ਅਤੇ ਰਾਜ ਵਿੱਚ ਮੌਜੂਦ ਕੁਦਰਤੀ ਸ੍ਰੋਤਾਂ ਅਨੁਸਾਰ ਢੁਕਵੀਂ ਹੋਣੀ ਚਾਹੀਦੀ ਹੈ।

population per sq/km

- India: 464
- China: 153
- USA: 36
- Australia: 2
- Canada: 4
- New Zealand: 18
- France: 119

# 2). ਨਿਸ਼ਚਿਤ ਖੇਤਰ
# (Fixed Territory)

ਰਾਜ ਦਾ ਨਿਰਮਾਣ ਇੱਕ ਨਿਸ਼ਚਿਤ ਖੇਤਰ ਤੋਂ ਬਿਨਾ ਨਹੀਂ ਹੋ ਸਕਦਾ। ਡਿਊਗੀ (Duguit) ਤੇ ਸੀਲੇ (Seeley) ਵਰਗੇ ਕੁੱਝ ਵਿਦਵਾਨਾਂ ਦਾ ਮੱਤ ਹੈ ਕਿ ਰਾਜ ਦੀ ਹੋਂਦ ਲਈ ਸਿਰਫ਼ ਸ਼ਾਸਕ ਤੇ ਸ਼ਾਸਿਤ ਵਰਗਾਂ ਦਾ ਹੋਣਾ ਹੀ ਜਰੂਰੀ ਹੈ, ਅਤੇ ਨਿਸ਼ਚਿਤ ਖੇਤਰ ਰਾਜ ਦੀ ਹੋਂਦ ਲਈ ਕੋਈ ਜਰੂਰੀ ਸ਼ਰਤ ਨਹੀਂ ਹੈ। ਪ੍ਰੰਤੂ ਇਸ ਵਿਚਾਰ ਨੂੰ ਪ੍ਰਵਾਨ ਕਰਨਾ ਵਿਵਹਾਰਿਕ ਤੌਰ ਤੇ ਸੰਭਵ ਨਹੀਂ ਹੈ ਤੇ ਲਗਭਗ ਸਾਰੇ ਵਿਦਵਾਨ ਇਸ ਵਿਚਾਰ ਨਾਲ਼ ਸਹਿਮਤ ਹਨ ਕਿ ਨਿਸ਼ਚਿਤ ਖੇਤਰ ਤੋਂ ਬਿਨਾ ਰਾਜ ਦੀ ਹੋਂਦ ਅਸੰਭਵ ਹੈ।

# A) ਰਾਜ ਦਾ ਖੇਤਰ ਥੋੜ੍ਹਾ ਹੋਣਾ ਚਾਹੀਦਾ ਹੈ
# (Territory of a State should be Small)

ਜੇ. ਐਸ. ਮਿੱਲ (J. S. Mill) ਦਾ ਵਿਚਾਰ ਹੈ ਕਿ ਰਾਜ ਦਾ ਖੇਤਰ ਇੰਨਾ ਕੁ ਹੋਣਾ ਚਾਹੀਦਾ ਹੈ ਕਿ ਸ਼ਾਸਨ ਪ੍ਰਬੰਧ ਇੱਕ ਥਾਂ ਤੋਂ ਆਸਾਨੀ ਨਾਲ਼ ਚਲਾਇਆ ਜਾ ਸਕਦਾ ਹੋਵੇ। ਆਗਸਟ ਕੱਾਮਟੇ (Auguste Comte) ਦਾ ਵਿਚਾਰ ਹੈ ਕਿ ਵਿਕਾਸ ਦੇ ਨਿਯਮ ਅਨੁਸਾਰ ਮਨੁੱਖੀ ਸਮਾਜ ਵੱਡੇ ਰਾਜਾਂ ਤੋਂ ਛੋਟੇ ਰਾਜਾਂ ਵੱਲ ਨੂੰ ਜਾ ਰਿਹਾ ਹੈ। ਭਾਵ ਕਿਸੇ ਰਾਜ ਦਾ ਵੱਡਾ ਹੋਣਾ ਉੱਥੋਂ ਦੇ ਸਮਾਜ ਦੇ ਪੱਛੜੇਪਣ ਦੀ ਨਿਸ਼ਾਨੀ ਹੈ, ਤੇ ਕਿਸੇ ਰਾਜ ਦਾ ਛੋਟਾ ਹੋਣਾ ਉੱਥੋਂ ਦੇ ਸਮਾਜ ਦੇ ਉੱਨਤ ਹੋਣ ਦੀ ਨਿਸ਼ਾਨੀ ਹੈ। ਇਸ ਵਰਗ ਦੇ ਵਿਦਵਾਨਾਂ ਅਨੁਸਾਰ ਥੋੜ੍ਹੇ ਖੇਤਰਫ਼ਲ ਵਾਲ਼ੇ ਰਾਜ ਜ਼ਿਆਦਾ ਚੰਗੇ ਹਨ, ਅਤੇ ਬਹੁਤੇ ਨੇਕ ਤੇ ਵਿਦਵਾਨ ਲੋਕ ਛੋਟੇ ਰਾਜਾਂ ਨੇ ਹੀ ਪੈਦਾ ਕੀਤੇ ਹਨ।

## B) ਰਾਜ ਦਾ ਖੇਤਰ ਵੱਡਾ ਹੋਣਾ ਚਾਹੀਦਾ ਹੈ (Territory of a State should be Large)

ਟ੍ਰੀਟਸ਼ੇ (Treitshcke) ਅਤੇ ਲਾੱਰਡ ਐਕਟਨ (Lord Acton) ਵਰਗੇ ਕੁੱਝ ਵਿਦਵਾਨਾਂ ਦਾ ਮੱਤ ਹੈ ਕਿ ਰਾਜ ਦਾ ਖੇਤਰਫ਼ਲ ਜ਼ਿਆਦਾ ਹੋਣਾ ਚਾਹੀਦਾ ਹੈ। ਇਹਨਾਂ ਵਿਦਵਾਨਾਂ ਅਨੁਸਾਰ ਛੋਟੇ ਰਾਜ ਕਮਜ਼ੋਰ ਹੁੰਦੇ ਹਨ, ਅਤੇ ਇੱਕ ਰਾਜ ਲਈ ਕਮਜ਼ੋਰ ਹੋਣਾ ਪਾਪ ਬਰਾਬਰ ਹੈ। ਛੋਟੇ ਰਾਜਾਂ ਦੁਆਰਾ ਆਪਣੇ ਨਾਗਰਿਕਾਂ ਨੂੰ ਦਬਾ ਕੇ ਰੱਖਿਆ ਜਾਂਦਾ ਹੈ, ਅਤੇ ਅਜਿਹੇ ਰਾਜਾਂ ਵਿੱਚ ਲੋਕਮੱਤ ਦਾ ਨਿਰਮਾਣ ਵੀ ਸੁਤੰਤਰ ਨਹੀਂ ਹੁੰਦਾ।

# ਰਾਜ ਦੇ ਖੇਤਰ ਦਾ ਆਕਾਰ
# (Size of the Territory)

ਸਮਕਾਲੀ ਰਾਜਾਂ ਤੇ ਉਪਰੋਕਤ ਵਿਚਾਰਾਂ ਵਿੱਚੋਂ ਕਿਸੇ ਨੂੰ ਵੀ ਕਠੋਰਤਾ ਨਾ.ਲ ਲਾਗੂ ਨਹੀਂ ਕੀਤਾ ਜਾ ਸਕਦਾ। ਕਈ ਰਾਜਾਂ ਦਾ ਖੇਤਰਫ਼ਲ ਬਹੁਤ ਥੋੜ੍ਹਾ ਹੈ, ਅਖੀਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇੱਕ ਰਾਜ ਦਾ ਆਕਾਰ ਇੰਨਾ ਛੋਟਾ ਨਹੀਂ ਹੋਣਾ ਚਾਹੀਦਾ ਕਿ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਲਈ ਉਹ ਹਰ ਖੇਤਰ ਵਿੱਚ ਦੂਸਰਿਆਂ ਤੇ ਨਿਰਭਰ ਕਰਦਾ ਹੋਵੇ, ਅਤੇ ਨਾ ਹੀ ਇੱਕ ਰਾਜ ਦਾ ਖੇਤਰਫ਼ਲ ਇੰਨਾ ਜ਼ਿਆਦਾ ਹੋਣਾ ਚਾਹੀਦਾ ਹੈ ਕਿ ਉਸਦਾ ਪ੍ਰਸ਼ਾਸਨ ਚਲਾਉਣਾ ਹੀ ਮੁਸ਼ਕਿਲ ਹੋ ਜਾਵੇ।

## Size of Territories

- San Marino: 61
- Vatican City: 0.44
- Malta: 320
- India: 30,00,000
- Australia: 77,00,000
- Canada: 91,00,000
- USA: 91,00,000
- China: 94,00,000

# 3). ਸਰਕਾਰ
# (Government)

ਸਰਕਾਰ ਰਾਜ ਦਾ ਇੱਕ ਅਜਿਹਾ ਜਰੂਰੀ ਤੱਤ ਹੈ ਜਿਹੜਾ ਕਿ ਇਸਨੂੰ ਸੰਗਠਿਤ ਰੂਪ ਦਿੰਦਾ ਹੈ। ਸਰਕਾਰ ਹੀ ਰਾਜ ਦੀ ਇੱਛਾ ਦਾ ਪ੍ਰਯੋਗ ਕਰਦੀ ਹੈ, ਰਾਜ ਦੇ ਨਾਂ ਤੇ ਕਾਨੂੰਨ ਬਣਾਉਂਦੀ ਹੈ ਤੇ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਸਰਕਾਰ ਦਾ ਨਿਆਂਇਕ ਢਾਂਚਾ ਕਾਨੂੰਨਾਂ ਦੀ ਵਿਆਖਿਆ ਕਰਦਾ ਹੈ ਤੇ ਲੋਕਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਦਾ ਹੈ। ਸਰਕਾਰ ਤੋਂ ਬਿਨਾ ਲੋਕਾਂ ਦੇ ਸਮੂਹ ਨੂੰ ਰਾਜ ਨਹੀਂ ਕਿਹਾ ਜਾ ਸਕਦਾ। ਸਰਕਾਰ ਐਨਾ ਮਹੱਤਵਪੂਰਨ ਯੰਤਰ ਹੈ ਕਿ ਜੇਕਰ ਇਹ ਕੁੱਝ ਕੁ ਪਲਾਂ ਲਈ ਵੀ ਬੰਦ ਹੋ ਜਾਵੇ ਤਾਂ ਰਾਜ ਵਿੱਚ 'ਅਰਾਜਕਤਾ' (Anarchy) ਫੈਲ ਜਾਂਦੀ ਹੈ। ਸਰਕਾਰ ਦੁਆਰਾ ਹੀ ਰਾਜ ਦੀ ਆਰਥਿਕਤਾ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ, ਤੇ ਸਰਕਾਰ ਹੀ ਰਾਜ ਦੀ ਸੁਰੱਖਿਆ ਲਈ ਜਿੰਮੇਵਾਰ ਹੁੰਦੀ ਹੈ।

# 3). ਸਰਕਾਰ (ਕਿਸਮਾਂ)
# (Government- Types)



# 4). ਪ੍ਰਭੂਸੱਤਾ
# (Sovereignty)

ਪ੍ਰਭੂਸੱਤਾ ਰਾਜ ਦੀ ਉਹ ਸਰਵਉੱਚ ਸ਼ਕਤੀ ਹੁੰਦੀ ਹੈ, ਜਿਹੜੀ ਕਿ ਕਾਨੂੰਨ ਦੁਆਰਾ ਸੀਮਿਤ ਨਹੀਂ ਹੁੰਦੀ। ਪ੍ਰਭੂਸੱਤਾ ਰਾਜ ਦਾ ਇੱਕ ਜਰੂਰੀ ਤੱਤ ਹੈ ਜਿਸਤੋਂ ਬਿਨਾ ਰਾਜ ਦੀ ਹੋਂਦ ਸੰਭਵ ਨਹੀਂ ਹੁੰਦੀ। ਪ੍ਰਭੂਸੱਤਾ ਰਾਜ ਦਾ ਇੱਕ ਵਿਲੱਖਣ ਤੱਤ (An exclusive element) ਵੀ ਹੈ, ਕਿਉਂਕਿ ਇਹ ਰਾਜ ਤੋਂ ਬਿਨਾ ਕਿਸੇ ਵੀ ਹੋਰ ਸੰਸਥਾ ਕੋਲ਼ ਨਹੀਂ ਹੋ ਸਕਦਾ।

Sovereignty: State is supreme among all the organisations

No other organisation can control State

# A). ਅੰਦਰੂਨੀ ਪ੍ਰਭੂਸੱਤਾ
# (Internal Sovereignty)

- ਅੰਦਰੂਨੀ ਪ੍ਰਭੂਸੱਤਾ ਤੋਂ ਭਾਵ ਹੈ ਕਿ ਰਾਜ ਆਪਣੇ ਖੇਤਰ ਵਿੱਚ ਸਭ ਤੋਂ ਉੱਚੀ ਸੰਸਥਾ ਹੈ। ਰਾਜ ਅੰਦਰ ਹੋਰ ਕੋਈ ਵੀ ਸੰਸਥਾ ਰਾਜ ਤੋਂ ਉੱਪਰ ਜਾਂ ਰਾਜ ਦੇ ਬਰਾਬਰ ਨਹੀਂ ਹੈ। ਸਿਰਫ਼ ਰਾਜ ਕੋਲ਼ ਹੀ 'ਸ਼ਰੀਰਕ ਦਬਾਉ ਸ਼ਕਤੀ' ਦੀ ਵਰਤੋਂ ਦਾ ਅਧਿਕਾਰ ਹੁੰਦਾ ਹੈ। ਮੈਕਸ ਵੈਬਰ (Max weber) ਨੇ ਕਿਹਾ ਹੈ ਕਿ ਹੋਰ ਵਿਅਕਤੀਆਂ ਜਾਂ ਸੰਸਥਾਵਾਂ ਕੋਲ਼ ਸ਼ਰੀਰਕ ਦਬਾਉ ਸ਼ਕਤੀ ਦੀ ਵਰਤੋਂ ਦਾ ਅਧਿਕਾਰ ਉਸ ਹੱਦ ਤੱਕ ਹੀ ਹੁੰਦਾ ਹੈ, ਜਿਸ ਹੱਦ ਤੱਕ ਉਸਨੂੰ ਇਹ ਅਧਿਕਾਰ ਰਾਜ ਦੁਆਰਾ ਦਿੱਤਾ ਗਿਆ ਹੋਵੇ।

# B). ਬਾਹਰੀ ਪ੍ਰਭੂਸੱਤਾ (External Sovereignty)

ਪ੍ਰਭੂਸੱਤਾ ਦੇ ਬਾਹਰੀ ਪੱਖ ਦਾ ਭਾਵ ਹੈ ਕਿ ਰਾਜ ਦੂਸਰੇ ਰਾਜਾਂ ਅਤੇ ਸੰਸਥਾਵਾਂ ਤੋਂ ਸੁਤੰਤਰ ਹੈ। ਰਾਜ ਆਪਣੀ ਇੱਛਾ ਅਨੁਸਾਰ ਆਪਣੀ ਵਿਦੇਸ਼ ਨੀਤੀ ਦਾ ਨਿਰਮਾਣ ਕਰ ਸਕਦਾ ਹੈ, ਕਿਸੇ ਅੰਤਰਰਾਸ਼ਟਰੀ ਸੰਸਥਾ ਦਾ ਮੈਂਬਰ ਬਣ ਸਕਦਾ ਹੈ, ਅਤੇ ਜਦੋਂ ਚਾਹੇ ਅਜਿਹੀ ਮੈਂਬਰਸ਼ਿਪ ਛੱਡ ਵੀ ਸਕਦਾ ਹੈ। ਆਪਣੇ ਇਸ ਤੱਤ ਦੀ ਬਦੌਲਤ ਹੀ ਰਾਜ ਅੰਤਰਰਾਸ਼ਟਰੀ ਸੰਧੀਆਂ ਅਤੇ ਸਮਝੌਤਿਆਂ ਆਦਿ ਵਿੱਚ ਸ਼ਾਮਿਲ ਹੁੰਦਾ ਹੈ।

# ਰਾਜ ਦੇ ਗੈਰ-ਜਰੂਰੀ ਤੱਤ
# Non-Essential Elements of State

- 1). ਮਾਨਤਾ (Recognition)
- 2). ਸਥਿਰਤਾ (Permanence)
- 3). ਸਮਾਨਤਾ (Equality)
- 4). ਏਕਤਾ (Unity)

# 1). ਮਾਨਤਾ (Recognition)

ਕਿਸੇ ਸਮੁਦਾਇ ਜਾਂ ਸਮਾਜ ਦੇ ਰਾਜ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਤੇ ਦੂਸਰੇ ਰਾਜਾਂ ਦੁਆਰਾ ਉਸਨੂੰ 'ਰਾਜ' ਦੇ ਤੌਰ ਤੇ ਮਾਨਤਾ ਦਿੱਤੀ ਜਾਂਦੀ ਹੈ। ਜਿਹੜੇ ਰਾਜਾਂ ਨੇ ਉਸਨੂੰ ਮਾਨਤਾ ਨਹੀਂ ਦਿੱਤੀ ਹੁੰਦੀ ਉਹਨਾ ਰਾਜਾਂ ਨਾਲ਼ ਉਕਤ ਸਮਾਜ ਆਪਣੇ ਕੂਟਨੀਤਿਕ ਸੰਬੰਧ ਕਾਇਮ ਨਹੀਂ ਕਰ ਸਕਦਾ। ਦੂਸਰੇ ਰਾਜਾਂ ਵਿਸ਼ੇਸ਼ ਕਰਕੇ ਸ਼ਕਤੀਸ਼ਾਲੀ ਰਾਜਾਂ ਦੁਆਰਾ ਮਾਨਤਾ ਮਿਲਣ ਤੇ ਹੀ ਕੋਈ ਰਾਜ ਅੰਤਰਰਾਸ਼ਟਰੀ ਖੇਤਰ ਵਿੱਚ ਕੋਈ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਮਾਨਤਾ ਰਾਜ ਲਈ ਇੱਕ ਗੈਰ ਜਰੂਰੀ ਪ੍ਰੰਤੂ ਬਹੁਤ ਹੀ ਮਹੱਤਵਪੂਰਨ ਤੱਤ ਹੈ।

# 2). ਸਥਿਰਤਾ (Permanence)

ਰਾਜ ਸਥਿਰ ਹੁੰਦਾ ਹੈ। ਜੇਕਰ ਕੋਈ ਖੇਤਰ ਕਦੇ ਕਿਸੇ ਹੋਰ ਰਾਜ ਦੇ ਅਧੀਨ ਹੋ ਜਾਵੇ ਤੇ ਕਦੇ ਸੁਤੰਤਰ ਹੋ ਜਾਵੇ ਤਾ ਅਜਿਹੇ ਰਾਜ ਦੀ ਨਾ ਤਾਂ ਅੰਤਰਰਾਸ਼ਟਰੀ ਖੇਤਰ ਵਿੱਚ ਕੋਈ ਸਾਕਾਰਾਤਮਕ ਭੂਮਿਕਾ ਹੁੰਦੀ ਹੈ, ਤੇ ਨਾ ਹੀ ਉਸਦੇ ਆਪਣੇ ਖੇਤਰ ਦੀਆਂ ਸੰਸਥਾਵਾਂ ਤੇ ਉਸਦਾ ਭਰੋਸੇਯੋਗ ਨਿਯੰਤਰਨ ਹੁੰਦਾ ਹੈ। ਅਜਿਹਾ ਰਾਜ ਅੰਦਰੂਨੀ ਕਾਨੂੰਨ ਤੇ ਵਿਵਸਥਾ ਨੂੰ ਕਾਇਮ ਰੱਖਣ ਅਤੇ ਅੰਤਰਰਾਸ਼ਟਰੀ ਖੇਤਰ ਵਿੱਚ ਕੋਈ ਭੂਮਿਕਾ ਨਿਭਾਉਣ ਤੋਂ ਅਸਮੱਰਥ ਹੁੰਦਾ ਹੈ।

# 3). ਸਮਾਨਤਾ (Equality)

- ਰਾਜਾਂ ਦੀ ਸਮਾਨਤਾ ਅੰਤਰਰਾਸ਼ਟਰੀ ਕਾਨੂੰਨ ਦੀ ਮੰਨੀ ਹੋਈ ਧਾਰਨਾ ਹੈ। ਕਾਨੂੰਨੀ ਤੌਰ ਤੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਹਰ ਰਾਜ, ਦੂਸਰੇ ਹਰ ਰਾਜ ਦੇ ਸਮਾਨ ਹੁੰਦਾ ਹੈ। ਅੱਜ ਭਾਵੇਂ ਅਮਰੀਕਾ, ਫਰਾਂਸ ਜਾਂ ਚੀਨ ਆਦਿ ਦੀ ਵਿਵਹਾਰਿਕ ਸਥਿਤੀ ਪਾਕਿਸਤਾਨ, ਜਾਂ ਨੇਪਾਲ ਆਦਿ ਦੀ ਵਿਵਹਾਰਿਕ ਸਥਿਤੀ ਤੋਂ ਕਿਤੇ ਜ਼ਿਆਦਾ ਪ੍ਰਭਾਵਸ਼ਾਲੀ ਹੈ, ਪ੍ਰੰਤੂ ਫਿਰ ਵੀ ਕਾਨੂੰਨੀ ਤੌਰ ਤੇ ਇਹਨਾਂ ਦੀ ਸਥਿਤੀ ਸਮਾਨ ਹੈ। ਅੰਤਰਰਾਸ਼ਟਰੀ ਸੰਧੀਆਂ ਅਤੇ ਸੰਗਠਨਾਂ ਵਿੱਚ ਭਾਗ ਲੈਂਦੇ ਸਮੇਂ ਸਾਰੇ ਰਾਜ ਆਪਸ ਵਿੱਚ ਸਮਾਨ ਹੁੰਦੇ ਹਨ।

# 4). ਏਕਤਾ (Unity)

ਏਕਤਾ ਦਾ ਭਾਵ ਹੈ ਕਿ ਇੱਕ ਰਾਜ ਵਿੱਚ ਵਸਣ ਵਾਲ਼ੇ ਸਾਰੇ ਲੋਕ ਇੱਕ ਹੀ ਪ੍ਰਭੂ ਦੇ ਅਧੀਨ ਹੋਣ ਅਤੇ ਉਹਨਾ ਤੇ ਇੱਕ ਹੀ ਸ਼ਾਸਨ ਲਾਗੂ ਹੁੰਦਾ ਹੋਵੇ। ਉੱਥੋਂ ਦੇ ਲੋਕਾਂ ਵਿੱਚ ਭਾਵਨਾਤਮਕ ਏਕਤਾ ਵੀ ਹੋਵੇ ਤੇ ਵੱਖਵਾਦੀ ਪ੍ਰਵਿਰਤੀਆਂ ਨਾ ਹੋਣ। ਜਿਸ ਰਾਜ ਵਿੱਚ ਏਕਤਾ ਹੋਵੇ ਉੱਥੇ ਕਾਨੂੰਨਾਂ ਤੇ ਨੀਤੀਆਂ ਦਾ ਨਿਰਮਾਣ ਕਰਨਾ ਅਤੇ ਉਹਨਾ ਨੂੰ ਲਾਗੂ ਕਰਨਾ ਆਸਾਨ ਹੁੰਦਾ ਹੈ।

# ਸਿੱਟਾ (Conclusion)

ਰਾਜ ਇੱਕ ਕਾਨੂੰਨੀ ਧਾਰਨਾ ਹੈ। ਕੋਈ ਵੀ ਸੰਸਥਾ ਜਾਂ ਸਮੁਦਾਇ ਜਦੋਂ ਤੱਕ ਰਾਜ ਦੇ ਨਿਰਮਾਣ ਲਈ ਜਰੂਰੀ ਚਾਰ ਤੱਤ ਪ੍ਰਾਪਤ ਨਹੀਂ ਕਰ ਲੈਂਦਾ ਉੱਨਾ ਚਿਰ ਰਾਜ ਨਹੀਂ ਅਖਵਾ ਸਕਦਾ। ਇਸਦਾ ਅਰਥ ਹੈ ਕਿ ਆਬਾਦੀ, ਨਿਸ਼ਚਿਤ ਖੇਤਰ, ਸਰਕਾਰ ਅਤੇ ਪ੍ਰਭੂਸੱਤਾ ਦੇ ਤੱਤਾਂ ਦੀ ਹੋਂਦ ਤੋਂ ਬਿਨਾ ਰਾਜ ਦੀ ਹੋਂਦ ਸੰਭਵ ਨਹੀਂ ਹੈ। ਰਾਜ ਦੇ ਗੈਰ ਜਰੂਰੀ ਤੱਤ ਰਾਜ ਦੀ ਹੋਂਦ ਲਈ ਜਰੂਰੀ ਨਹੀਂ ਹਨ, ਅਤੇ ਨਾ ਹੀ ਸਥਿਰਤਾ, ਮਾਨਤਾ, ਤੇ ਏਕਤਾ ਵਰਗੇ ਤੱਤਾਂ ਦੀ ਹੋਂਦ ਨੂੰ ਮਾਪਣ ਦਾ ਕੋਈ ਤੈਅਸ਼ੁਦਾ ਪੈਮਾਨਾ ਹੈ। ਪ੍ਰੰਤੂ ਇੱਕ ਰਾਜ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਤੱਤ ਜਰੂਰ ਭੂਮਿਕਾ ਨਿਭਾਉਂਦੇ ਹਨ।




ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ